Australian Government
Department of Home Affairs

# ਹਵਾਈ ਜਹਾਜ਼ ਰਾਹੀਂ ਆਸਟ੍ਰੇਲੀਆ ਛੱਡ ਰਹੇ ਹੋ

ਜਦੋਂ ਤੁਸੀਂ ਹਵਾਈ ਰਸਤੇ ਆਸਟ੍ਰੇਲੀਆ ਛੱਡਣ ਦੀ ਤਿਆਰੀ ਕਰ ਰਹੇ ਹੋ ਤਾਂ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ।

## ਕਦਮ 1 – ਆਪਣੀ ਯਾਤਰਾ ਦੀ ਯੋਜਨਾ ਬਣਾਓ

### ਅਗਾਊਂ ਯੋਜਨਾ ਬਣਾਓ

ਆਸਟ੍ਰੇਲੀਆ ਦੀ ਸਰਕਾਰ ਸਿਫਾਰਸ਼ ਕਰਦੀ ਹੈ ਕਿ ਆਸਟ੍ਰੇਲੀਆ ਤੋਂ ਰਵਾਨਾ ਹੋਣ ਵਾਲੇ ਯਾਤਰੀਆਂ ਨੂੰ COVID-19 ਦੇ ਵਿਰੁੱਧ ਪੂਰੀ ਤਰ੍ਹਾਂ ਟੀਕੇ ਲੱਗੇ ਹੋਣ ਅਤੇ ਟੀਕਾਕਰਨ ਦੀ ਸਥਿਤੀ ਦੇ ਦਸਤਾਵੇਜ਼ਾਂ ਦੇ ਸਬੂਤ ਨਾਲ ਯਾਤਰਾ ਕੀਤੀ ਜਾਵੇ।

ਤੁਹਾਨੂੰ ਇਸ ਗੱਲ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਜੇ ਤੁਹਾਡੀ ਯਾਤਰਾ ਵਿੱਚ ਦੇਰੀ ਅਤੇ ਰੁਕਾਵਟਾਂ ਆਉਂਦੀਆਂ ਹਨ ਤਾਂ ਤੁਸੀਂ ਕੀ ਕਰੋਗੇ।

ਉਨ੍ਹਾਂ ਸਾਰੇ ਦੇਸ਼ਾਂ ਲਈ ਮੌਜੂਦਾ ਯਾਤਰਾ, ਵੀਜ਼ਾ ਅਤੇ COVID-19 ਸਲਾਹ ਦੀ ਜਾਂਚ ਕਰੋ ਜਿੰਨ੍ਹਾਂ ਵਿੱਚੋਂ ਤੁਸੀਂ ਲੰਘ ਰਹੇ ਹੋ ਅਤੇ ਯਾਤਰਾ ਕਰ ਰਹੇ ਹੋ। ਹਰੇਕ ਦੇਸ਼ ਵਿੱਚ ਦਾਖਲੇ ਲਈ ਵੱਖ-ਵੱਖ ਲੋੜਾਂ ਹੁੰਦੀਆਂ ਹਨ, ਜਿਸ ਵਿੱਚ COVID-19 ਟੀਕਾਕਰਨ ਦੀਆਂ ਲੋੜਾਂ ਅਤੇ ਟੈਸਟ ਕਰਵਾਉਣਾ ਵੀ ਸ਼ਾਮਲ ਹਨ।

ਏਅਰਲਾਈਨਾਂ ਦੀਆਂ ਵਿਸ਼ੇਸ਼ ਲੋੜਾਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਪੂਰਤੀ ਕਰਨ ਦੀ ਲੋੜ ਹੁੰਦੀ ਹੈ।

ਜੇ ਸਬੰਧਿਤ ਹੈ, ਤਾਂ ਜਾਂਚ ਕਰੋ ਕਿ ਆਸਟ੍ਰੇਲੀਆ ਵਿੱਚ ਦੁਬਾਰਾ ਦਾਖਲ ਹੋਣ ਲਈ ਤੁਹਾਨੂੰ ਕੀ ਕਰਨ ਦੀ ਲੋੜ ਪਵੇਗੀ।

## ਕਦਮ 2 - ਆਪਣੀ ਯਾਤਰਾ ਦੇ ਵਿਕਲਪਾਂ ਦੀ ਜਾਂਚ ਕਰੋ

ਆਸਟ੍ਰੇਲੀਆ ਭਰ ਵਿੱਚ ਵੱਡੇ ਹਵਾਈ ਅੱਡਿਆਂ ਤੋਂ ਵਪਾਰਕ ਉਡਾਣਾਂ ਉਪਲਬਧ ਹਨ।

## ਕਦਮ 3 – ਆਪਣੀ ਯਾਤਰਾ ਬੁੱਕ ਕਰੋ

## ਕਦਮ 4 – ਯਾਤਰਾ ਕਰਨ ਲਈ ਤਿਆਰੀ ਕਰੋ

ਜਦ ਤੁਸੀਂ ਆਪਣੀ ਉਡਾਣ ਵਾਸਤੇ ਚੈੱਕ-ਇਨ ਕਰਦੇ ਹੋ, ਤਾਂ ਏਅਰਲਾਈਨ ਦੇ ਅਮਲੇ ਦੁਆਰਾ ਤੁਹਾਨੂੰ ਹੇਠ ਲਿਖਿਆਂ ਨੂੰ ਪੇਸ਼ ਕਰਨ ਲਈ ਕਿਹਾ ਜਾਵੇਗਾ:

- ਪਾਸਪੋਰਟ
- ਬੋਰਡਿੰਗ ਪਾਸ

ਤੁਹਾਨੂੰ ਇਸ ਗੱਲ ਦੇ ਸਬੂਤ ਪ੍ਰਦਾਨ ਕਰਾਉਣ ਲਈ ਵੀ ਕਿਹਾ ਜਾ ਸਕਦਾ ਹੈ ਕਿ ਤੁਸੀਂ ਆਸਟ੍ਰੇਲੀਆ ਦੀ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ ਵਾਲੀ ਪਰਿਭਾਸ਼ਾ ਦੀ ਪੂਰਤੀ ਕਰਦੇ ਹੋ।

## ਕਦਮ 5 – ਜਦੋਂ ਤੁਸੀਂ ਵਿਦੇਸ਼ ਵਿੱਚ ਹੁੰਦੇ ਹੋ

### ਤਾਜ਼ਾ ਜਾਣਕਾਰੀ ਰੱਖੋ

ਜੇ ਤੁਸੀਂ ਆਸਟ੍ਰੇਲੀਆ ਵਿੱਚ ਦੁਬਾਰਾ ਦਾਖਲ ਹੋਣ ਦੀ ਇੱਛਾ ਰੱਖਦੇ ਹੋ, ਤਾਂ ਤੁਹਾਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਵਾਸਤੇ ਲੋੜਾਂ ਦੀ ਬਕਾਇਦਾ ਜਾਂਚ ਕਰਨੀ ਚਾਹੀਦੀ ਹੈ। ਜਦ ਤੁਸੀਂ ਯਾਤਰਾ ਕਰ ਰਹੇ ਹੁੰਦੇ ਹੋ ਤਾਂ ਇਹ ਬਦਲ ਸਕਦੀਆਂ ਹਨ।